# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 20:30

**ਮਿਤੀ : 2-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ FLY DUBAI ਦੇ ਭਾਰਤੀ ਪਾਇਲਟ ਕੈਪਟਨ ਸਮਿਤ ਮਛਾਰ ਨਾਲ ਹਸਪਤਾਲ ਵਿਚ ਗੱਲ ਕੀਤੀ ਅਤੇ ਓਹਨਾਂ ਦੀ ਦਲੇਰੀ ਦੀ ਸ਼ਲਾਘਾ ਕੀਤੀ।

- ਔਰਤਾਂ ਬਾਰੇ ਰਾਸ਼ਟਰੀ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ ਸਿਫ਼ਾਰਸ਼ਾਂ ਸੌਂਪੀਆਂ. 2030 ਤੱਕ ਪੰਜ ਲੱਖ ਬਾਲ ਦੇਖਭਾਲ ਕੇਂਦਰ ਕਾਇਮ ਕਰਨਾ ਸ਼ਾਮਿਲ।

- ਵਪਾਰ ਤੇ ਸਨਅਤ ਮੰਤਰੀ ਪੀਯੂਸ਼ ਗੋਇਲ ਨੇ ਵਿਸ਼ਵ ਵਪਾਰ ਖਾਮੀਆਂ ਨੂੰ ਦੂਰ ਕਰਨ ਲਈ ਵਿਸ਼ਵ ਵਪਾਰ ਸੰਗਠਨ ਮੁਤਾਬਿਕ ਦ੍ਰਿਸ਼ਟੀਕੋਣ ਅਪਣਾਉਣ ਲਈ ਕਿਹਾ ਏ।

- ਪੰਜਾਬ ਵਿੱਚ, ਬੀਐਸਐਫ ਨੇ ਤਰਨਤਾਰਨ ਸੈਕਟਰ ਵਿੱਚ ਦੋ ਪਾਕਿਸਤਾਨੀ ਘੁਸਪੈਠੀਆਂ ਨੂੰ ਮਾਰ ਮੁਕਾਇਆ ਏ।

- ਏਸ਼ਿਆਈ ਖੇਡਾਂ 'ਚ ਭਾਰਤ ਦੀ ਔਰਤਾਂ ਦੀ ਹਾਕੀ ਟੀਮ ਨੇ ਫਾਈਨਲ ਵਿੱਚ ਚੀਨ ਨੂੰ 1-0 ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਏ।

***ਹੁਣ ਖਬਰਾਂ ਵਿਸਥਾਰ ਨਾਲ***

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਦਲੇਰ ਭਾਰਤੀ ਪਾਇਲਟ ਕੈਪਟਨ ਸਮਿਤ ਮੱਛਾਰ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਦੁਬਈ ਤੋਂ ਤੇਲ ਅਵੀਵ ਜਾ ਰਹੀ 'ਫਲਾਈ-ਦੁਬਈ' ਦੀ ਉਡਾਣ ਦੌਰਾਨ, ਆਪਣੇ ਸਹਿ-ਪਾਇਲਟ ਵੱਲੋਂ ਕੀਤੇ ਗਏ ਹਮਲੇ ਨੂੰ ਨਾਕਾਮ ਕਰਕੇ, 180 ਲੋਕਾਂ ਦੀ ਜਾਨ ਬਚਾਈ ਸੀ। ਕੈਪਟਨ ਮੱਛਾਰ ਨੇ ਪ੍ਰਧਾਨ ਮੰਤਰੀ ਨੂੰ ਆਪਣੇ ਤਜ਼ਰਬੇ ਬਾਰੇ ਵੇਰਵੇ ਸਹਿਤ ਗੱਲਬਾਤ ਕੀਤੀ ਅਤੇ ਦੱਸਿਆ ਕਿ ਉਸ ਘਟਨਾ ਦੌਰਾਨ, ਉਨ੍ਹਾਂ ਨੂੰ ਕਿਸ ਚੀਜ਼ ਤੋਂ ਹਿੰਮਤ ਮਿਲੀ। ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਦਲੇਰੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਛੇਤੀ ਸਿਹਤਯਾਬ

ਹੋਣ ਦੀ ਕਾਮਨਾ ਕੀਤੀ। ਸ੍ਰੀ ਮੋਦੀ ਨੇ ਕਿਹਾ ਕਿ ਪੂਰਾ ਦੇਸ਼ ਉਨ੍ਹਾਂ ਦੀ ਤੰਦਰੁਸਤੀ ਲਈ ਪ੍ਰਾਥਨਾ ਕਰ ਰਿਹਾ ਏ।

**BYTE: PM**

ਗੱਲਬਾਤ ਦੌਰਾਨ, ਭਾਵੁਕ ਕੈਪਟਨ ਸਮਿਤ ਨੇ ਦੱਸਿਆ ਕਿ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਨ੍ਹਾਂ ਦੇ ਸਭ ਤੋਂ ਵੱਡੇ ਆਦਰਸ਼ ਨੇ। ਪ੍ਰਧਾਨ ਮੰਤਰੀ ਦਾ ਫੋਨ ਆਉਣ 'ਤੇ ਉਨ੍ਹਾਂ ਨੇ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ।

---

ਔਰਤਾਂ ਬਾਰੇ ਰਾਸ਼ਟਰੀ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ ਸਿਫ਼ਾਰਸ਼ਾਂ ਸੌਂਪ ਦਿੱਤੀਆਂ ਨੇ. ਇਨ੍ਹਾਂ ਵਿੱਚ ਨਿੱਜੀ ਖੇਤਰ ਵਿੱਚ ਬਾਲ ਦੇਖਭਾਲ ਛੁੱਟੀ ਨੂੰ ਲਿੰਗ-ਭੇਦ ਰਹਿਤ ਬਣਾਉਣਾ, ਪਿਤਾ ਨੂੰ ਵੀ ਤਨਖਾਹ ਦੇ ਲਾਜ਼ਮੀ ਭੁਗਤਾਨ ਨਾਲ ਛੁੱਟੀ, ਅਤੇ 2030 ਤੱਕ ਪੰਜ ਲੱਖ ਬਾਲ ਦੇਖਭਾਲ ਕੇਂਦਰ ਕਾਇਮ ਕਰਨਾ ਸ਼ਾਮਿਲ ਏ. ਕਮਿਸ਼ਨ ਨੇ ਇਹ ਸਿਫ਼ਾਰਸ਼ਾਂ ਮੁਲਾਜ਼ਮਾਂ ਅਤੇ ਸਿਖਲਾਈ ਵਿਭਾਗ, ਔਰਤਾਂ ਅਤੇ ਬਾਲ ਵਿਕਾਸ ਮੰਤਰਾਲੇ ਅਤੇ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨੂੰ ਸੌਂਪੀਆਂ। ਕਮਿਸ਼ਨ ਨੇ ਗੈਰ-ਰਸਮੀ, ਗਿਗ ਅਤੇ ਪਲੇਟਫਾਰਮ ਮੁਲਾਜ਼ਮਾਂ ਨੂੰ ਜਣੇਪਾ ਅਤੇ ਬਾਲ ਦੇਖਭਾਲ ਲਾਭ ਪ੍ਰਦਾਨ ਕਰਨ ਦੀ ਵੀ ਸਿਫਾਰਸ਼ ਕੀਤੀ ਏ। ਕਮਿਸ਼ਨ ਨੇ ਪਾਇਆ ਕਿ 90 ਫੀਸਦੀ ਤੋਂ ਵੱਧ ਔਰਤ ਮੁਲਾਜ਼ਮਾਂ ਨੂੰ ਪ੍ਰਭਾਵਸ਼ਾਲੀ ਕਵਰੇਜ ਤੋਂ ਬਾਹਰ ਰੱਖਿਆ ਗਿਆ ਏ।

ਕਮਿਸ਼ਨ ਨੇ ਮੌਜੂਦਾ ਔਰਤਾਂ-ਕੇਂਦ੍ਰਿਤ ਬਾਲ ਦੇਖਭਾਲ ਛੁੱਟੀ ਢਾਂਚੇ ਨੂੰ ਮਾਪਿਆਂ ਵਿੱਚੋਂ ਕਿਸੇ ਇੱਕ ਲਈ ਉਪਲਬਧ ਲਿੰਗ-ਭੇਦ ਰਹਿਤ ਬਾਲ ਦੇਖਭਾਲ ਛੁੱਟੀ ਵਿੱਚ ਬਦਲਣ ਦੀ ਸਿਫਾਰਸ਼ ਕੀਤੀ। ਰਿਪੋਰਟ ਵਿੱਚ ਮੌਜੂਦਾ 730 ਦਿਨਾਂ ਦੀ ਬਾਲ ਦੇਖਭਾਲ ਛੁੱਟੀ ਨੂੰ ਦੋਵਾਂ ਕੰਮਕਾਜੀ ਮਾਪਿਆਂ ਵਿਚਕਾਰ ਬਰਾਬਰ ਵੰਡਣ ਦੀ ਤਜਵੀਜ਼ ਏ. ਇਸ ਵਿਚ ਹਰੇਕ ਨੂੰ 365 ਦਿਨ ਮਿਲਣਗੇ, ਜਾਂ ਜਿੱਥੇ ਦੋਵੇਂ ਮਾਪੇ ਇੱਕੋ ਸੰਗਠਨ ਵਿੱਚ ਕੰਮ ਕਰਦੇ ਨੇ ਓਥੇ ਇੱਕ ਸਾਂਝਾ ਪੂਲ ਬਣਾਉਣ ਦੀ ਤਜਵੀਜ਼ ਏ ਜ਼ੀਰੋ ਤੋਂ ਦੋ ਸਾਲ ਦੀ ਉਮਰ ਦੇ ਬੱਚਿਆਂ ਲਈ, ਰਿਪੋਰਟ ਮੁਢਲੇ ਅਤੇ ਓਹਨਾਂ ਤੋਂ ਬਾਅਦ ਦੇ ਦੇਖਭਾਲ ਕਰਨ ਵਾਲਿਆਂ ਵਿਚਕਾਰ 60 ਅਨੁਪਾਤ 40 ਦੇ ਰੂਪ ਵਿਚ ਇੱਕ ਸਾਂਝੇ ਦੇਖਭਾਲ ਮਾਡਲ ਦੀ ਵੀ ਤਜਵੀਜ਼ ਏ।

ਇਹ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਨੂੰ ਇੱਕਸਾਰ ਅਤੇ ਕਾਨੂੰਨੀ ਤੌਰ 'ਤੇ ਲਾਗੂ ਕਰਨ ਯੋਗ ਅਧਿਕਾਰ ਬਣਾਉਣ ਦੀ ਵੀ ਤਜਵੀਜ਼ ਰਖਦੀ ਏ। ਰਿਪੋਰਟ ਜੈਵਿਕ, ਗੋਦ ਲੈਣ ਵਾਲੀਆਂ ਅਤੇ ਜਨਮ ਤੋਂ ਬਾਅਦ ਦੀਆਂ ਮਾਵਾਂ ਲਈ ਜਣੇਪਾ ਲਾਭਾਂ ਵਿੱਚ ਸਮਾਨਤਾ ਦੀ ਵੀ ਸਿਫਾਰਸ਼ ਕਰਦੀ ਏ। ਇਸ ਵਿੱਚ ਗੋਦ ਲੈਣ ਵਾਲੀਆਂ ਅਤੇ ਜਨਮ ਤੋਂ ਬਾਅਦ ਦੀਆਂ ਮਾਵਾਂ ਲਈ ਛੁੱਟੀ ਦੀ ਮਿਆਦ 12 ਹਫ਼ਤਿਆਂ ਤੋਂ ਵਧਾ ਕੇ 26 ਹਫ਼ਤੇ ਕਰਨਾ ਸ਼ਾਮਿਲ ਏ।

---

ਵਪਾਰ ਤੇ ਸਨਅਤ ਮੰਤਰੀ ਪੀਯੂਸ਼ ਗੋਇਲ ਨੇ ਵਿਸ਼ਵ ਵਪਾਰ ਖਾਮੀਆਂ ਨੂੰ ਦੂਰ ਕਰਨ ਲਈ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਮੁਤਾਬਿਕ ਦ੍ਰਿਸ਼ਟੀਕੋਣ ਅਪਣਾਉਣ ਲਈ ਕਿਹਾ ਏ। ਸ਼੍ਰੀ ਗੋਇਲ ਨੇ ਇਹ ਗੱਲ, ਅਮਰੀਕਾ ਦੇ ਮਿਲਵਾਕੀ ਵਿੱਚ ਜੀ-20 ਵਪਾਰ ਮੰਤਰੀਆਂ ਦੀ ਮੀਟਿੰਗ ਦੇ ਸਮਾਪਤੀ ਦਿਨ ਕਹੀ।

ਸ਼੍ਰੀ ਗੋਇਲ ਨੇ ਕਿਹਾ ਕਿ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਆਰਥਿਕਤਾ ਏ, ਜਿਸਦੀ ਘਰੇਲੂ ਮੰਗ-ਅਧਾਰਿਤ ਆਰਥਿਕਤਾ 140 ਕਰੋੜ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਏ। ਉਨ੍ਹਾਂ ਕਿਹਾ ਕਿ ਭਾਰਤ ਡਿਜ਼ਾਈਨ ਤੋਂ ਲੈ ਕੇ ਤਿਆਰ ਵਸਤਾਂ ਤੱਕ ਨਿਰਮਾਣ ਮੁੱਲ ਲੜੀ ਬਣਾ ਰਿਹਾ ਏ, ਜੋ ਕਿ ਵਿਸ਼ਵ ਸਪਲਾਈ ਲੜੀ ਵਿੱਚ ਭਰੋਸੇਯੋਗ ਕੜੀਆਂ ਨੇ. ਸ਼੍ਰੀ ਗੋਇਲ ਨੇ ਕਿਹਾ ਕਿ ਭਾਰਤ ਦੀ ਨਿਰਮਾਣ ਸਮਰੱਥਾ ਘਰੇਲੂ ਅਤੇ ਵਿਸ਼ਵ ਮੰਗ ਨੂੰ ਪੂਰਾ ਕਰ ਰਹੀ ਏ । ਸ਼੍ਰੀ ਗੋਇਲ ਨੇ ਕਿਹਾ ਕਿ ਭਾਰਤ ਬਹੁਤ ਸਾਰੇ ਮੈਂਬਰ ਦੇਸ਼ਾਂ ਦੀਆਂ ਚਿੰਤਾਵਾਂ ਨੂੰ ਸਾਂਝਾ ਕਰਦਾ ਏ ਕਿ ਕੁਝ ਦੇਸ਼ਾਂ ਵਲੋਂ ਉਨ੍ਹਾਂ ਦੀਆਂ ਆਰਥਿਕਤਾਵਾਂ ਨੂੰ ਦਿੱਤੀ ਗਈ ਅਣਉਚਿਤ ਸਹਾਇਤਾ ਵਿਸ਼ਵ ਬਾਜ਼ਾਰ ਵਿੱਚ ਡੰਪਿੰਗ ਅਤੇ ਨੁਕਸਾਨਦੇਹ ਕੀਮਤ ਵੱਲ ਲੈ ਜਾਂਦੀ ਏ । ਉਨ੍ਹਾਂ ਕਿਹਾ ਕਿ ਇਨ੍ਹਾਂ ਚਿੰਤਾਵਾਂ ਨੂੰ ਹੱਲ ਕਰਨ ਲਈ ਚੁੱਕੇ ਗਏ ਕਦਮ ਪੂਰੀ ਤਰ੍ਹਾਂ ਸਬੂਤ-ਅਧਾਰਿਤ ਅਤੇ ਡਬਲਯੂ.ਟੀ.ਓ. ਨੇਮਾਂ ਦੇ ਢਾਂਚੇ  ਅੰਦਰ ਨਿਆਂਇਕ ਸਮੀਖਿਆ ਦੇ ਅਧੀਨ ਹੋਣੇ ਚਾਹੀਦੇ ਨੇ. ਸ਼੍ਰੀ ਗੋਇਲ ਨੇ ਸਪੱਸ਼ਟ ਕੀਤਾ ਕਿ ਸਪਲਾਈ

ਲੜੀ ਨੂੰ ਵੰਨ – ਸੁਵੰਨਾ ਬਣਾਉਣ ਦੇ ਨਾਂ 'ਤੇ ਡਬਲਯੂ.ਟੀ.ਓ. ਨੇਮਾਂ ਤੋਂ ਬਾਹਰ ਕੋਈ ਵੀ ਇਕ ਤਰਫਾ ਕਦਮ ਨਹੀਂ ਚੁੱਕੇ ਜਾਣੇ ਚਾਹੀਦੇ ਨੇ।

---------------------------------------------------

ਵਿਗਿਆਨ ਅਤੇ ਤਕਨੋਲਜੀ ਮੰਤਰੀ ਡਾ. ਜਤਿੰਦਰ ਸਿੰਘ ਨੇ ਅੱਜ ਕਿਹਾ ਕਿ ਰੋਬੋਟਿਕਸ ਦਵਾਈ ਦੇ ਵੱਖ-ਵੱਖ ਖੇਤਰਾਂ ਵਿੱਚ ਇੱਕ ਅਹਿਮ ਸਾਧਨ ਬਣਨ ਜਾ ਰਿਹਾ ਏ, ਜਿਸ ਵਿੱਚ ਤਕਲੀਫ਼ ਦਾ ਪਤਾ ਲਾਉਣਾ, ਇਲਾਜ ਅਤੇ ਥੈਰੇਪੀ ਸ਼ਾਮਿਲ ਏ। ਅੱਜ ਨਵੀਂ ਦਿੱਲੀ ਵਿੱਚ ਸੋਸਾਇਟੀ ਆਫ਼ ਰੋਬੋਟਿਕ ਸਰਜਰੀ (ਐਸ ਆਰ ਐਸ) ਦੇ ਅੰਤਰਰਾਸ਼ਟਰੀ ਸੰਮੇਲਨ ਵਿੱਚ ਬੋਲਦਿਆਂ, ਡਾ. ਸਿੰਘ ਨੇ ਕਿਹਾ ਕਿ ਰੋਬੋਟਿਕਸ, ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ), ਅਤੇ ਨੈਨੋ - ਸਾਇੰਸ ਸਟੀਕਤਾ ਅਤੇ ਵਿਅਕਤੀਗਤ ਸਿਹਤ ਸੰਭਾਲ ਲਈ ਇੱਕ ਈਕੋਸਿਸਟਮ ਬਣਾਉਣਗੇ। ਡਾ. ਸਿੰਘ ਨੇ ਕਿਹਾ ਕਿ ਰੋਬੋਟਿਕ ਮੇਡਿਸਿਨ , ਰੋਬੋਟਿਕ ਐਂਡੋ-ਕਰੀਨੋ-ਲੋਜੀ, ਅਤੇ ਰੋਬੋਟਿਕ ਕਾਰਡੀਓ-ਲੋਜੀ ਭਵਿੱਖ ਵਿੱਚ ਉਭਰ ਸਕਦੇ ਨੇ, ਜਿਵੇਂ ਕਿ ਏਆਈ ਵੱਖ-ਵੱਖ ਮੈਡੀਕਲ ਖੇਤਰਾਂ ਵਿੱਚ ਆਪਣੀ ਥਾਂ ਬਣਾ ਰਿਹਾ ਏ. ਜੀਨੋਮ ਇੰਡੀਆ ਪ੍ਰੋਗਰਾਮ ਦਾ ਹਵਾਲਾ ਦਿੰਦੇ ਹੋਏ, ਡਾ. ਸਿੰਘ ਨੇ ਕਿਹਾ ਕਿ ਦਸ ਹਜ਼ਾਰ ਵਿਅਕਤੀਆਂ ਦੀ ਜੀਨ ਸੀਕਵੈਂਸਿੰਗ ਪਹਿਲਾਂ ਹੀ ਕੀਤੀ ਜਾ ਚੁੱਕੀ ਏ , ਅਤੇ ਭਵਿੱਖ ਵਿੱਚ, ਇਹ ਉਮੀਦ ਕੀਤੀ ਜਾਂਦੀ ਏ ਕਿ ਹਰ ਨਵਜੰਮੇ ਬੱਚੇ ਨੂੰ ਸੀਕਵੈਂਸ ਕੀਤਾ ਜਾਵੇਗਾ।

---

ਪੰਜਾਬ ਵਿੱਚ, ਸਰਹੱਦੀ ਸੁਰੱਖਿਆ ਬਲ (ਬੀਐਸਐਫ) ਨੇ ਅੱਜ ਤਰਨਤਾਰਨ ਸੈਕਟਰ ਵਿੱਚ ਦੋ ਪਾਕਿਸਤਾਨੀ ਘੁਸਪੈਠੀਆਂ ਨੂੰ ਮਾਰ ਮੁਕਾਇਆ ਏ।

ਬੀਐਸਐਫ ਹਲਕਿਆਂ ਦੇ ਹਵਾਲੇ ਨਾਲ, ਆਕਾਸ਼ਵਾਣੀ ਦੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਉਹ ਪਾਕਿਸਤਾਨ ਤੋਂ ਸਰਹੱਦ ਦੇ ਭਾਰਤੀ ਪਾਸੇ ਗੈਰ-ਕਾਨੂੰਨੀ ਤੌਰ 'ਤੇ ਦਾਖਿਲ ਹੋ ਗਏ ਸਨ। ਤਾਇਨਾਤ ਸੁਰੱਖਿਆ ਮੁਲਾਜ਼ਮਾ ਵਲੋਂ ਵਲੋਂ ਓਹਨਾਂ ਨੂੰ ਰੋਕਣ ਲਈ ਚਿਤਾਵਨੀ ਦੇਣ ਦੇ ਬਾਵਜੂਦ, ਉਹ ਬੀ.ਐਸ.ਐਫ. ਨੂੰ ਗੋਲੀਬਾਰੀ ਕਰਨ ਲਈ ਮਜਬੂਰ ਕਰਦੇ ਰਹੇ। ਇਸ ਦੌਰਾਨ, ਬੀਐਸਐਫ ਵਲੋਂ ਬੁਲਾਈ ਗਈ ਇੱਕ ਮੀਟਿੰਗ ਤੋਂ ਬਾਅਦ ਪਾਕਿਸਤਾਨ ਰੇਂਜਰਾਂ ਨੇ ਉਨ੍ਹਾਂ ਦੀਆਂ ਲਾਸ਼ਾਂ ਲੈ ਲਈਆਂ ਨੇ। ਉਨ੍ਹਾਂ ਦੀਆਂ ਲਾਸ਼ਾਂ ਸੌਂਪਣ ਲਈ ਹੋਰ ਰਸਮੀ ਕਾਰਵਾਈਆਂ ਜਾਰੀ ਨੇ. ਅੰਤਿਮ ਫੈਸਲਾ ਕੱਲ੍ਹ ਲਿਆ ਜਾਵੇਗਾ।

---

ਜਲੰਧਰ ਪੁਲਿਸ ਨੇ 27 ਸਤੰਬਰ ਨੂੰ ਫਗਵਾੜਾ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਹੋਏ ਵਿਰੋਧ ਮੁਜ਼ਾਹਰਿਆਂ ਦੌਰਾਨ ਹੋਈ ਅੱਗਜ਼ਨੀ, ਭੰਨਤੋੜ, ਡਕੈਤੀ ਅਤੇ ਸ਼ਾਹਰਾਹ ਜਾਮ ਦੇ ਮਾਮਲੇ ਵਿੱਚ ਇੱਕ ਨਾਬਾਲਿਗ ਸਮੇਤ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ, ਜੋ ਕਿ 28

ਤਰੀਕ ਦੀ ਰਾਤ ਤੱਕ ਜਾਰੀ ਰਿਹਾ। ਇਨ੍ਹਾਂ ਨੌਂ ਵਿੱਚੋਂ ਸੱਤ ਯੂਨੀਵਰਸਿਟੀ ਦੇ ਵਿਦਿਆਰਥੀ ਨੇ, ਜਦੋਂ ਕਿ ਦੋ ਬਾਹਰੀ ਨੇ।

ਇਸ ਦੌਰਾਨ, ਪਟਿਆਲਾ ਪੁਲਿਸ ਨੇ ਰਾਜਪੁਰਾ ਦੀ ਚਿਤਕਾਰਾ ਯੂਨੀਵਰਸਿਟੀ ਵਿੱਚ ਵੀ ਹਾਲ ਹੀ ਵਿੱਚ ਵਾਪਰੀ ਇਸੇ ਤਰ੍ਹਾਂ ਦੀ ਅਸ਼ਾਂਤੀ ਦੀ ਘਟਨਾ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ। ਪੁਲਿਸ ਹਲਕਿਆਂ ਨੇ ਦੱਸਿਆ ਏ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਅਫਵਾਹਾਂ ਫੈਲਾ ਕੇ ਵਿਦਿਆਰਥੀਆਂ ਨੂੰ ਭੜਕਾਉਣ ਦੇ ਇਲ੍ਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਏ ਜਿਸ ਨਾਲ ਯੂਨੀਵਰਸਿਟੀ ਵਿੱਚ ਸਥਿਤੀ ਵਿਗੜ ਗਈ। ਦੋਵੇਂ ਅੰਬਾਲਾ ਤੋਂ ਨੇ. ਐਫ.ਆਈ.ਆਰ ਵਿੱਚ ਦਸ ਹੋਰਾਂ ਦੇ ਨਾਂ ਵੀ ਸ਼ਾਮਿਲ ਨੇ।

-------------------------------------------------------

ਕੇਂਦਰੀ ਨਾਰਕੋਟਿਕਸ ਬਿਊਰੋ (CBN) ਜੈਪੁਰ ਨੇ ਸ਼ਹਿਰ ਦੇ ਵਿਦੇਸ਼ੀ ਡਾਕਘਰ ਵਿੱਚ ਥਾਈਲੈਂਡ ਤੋਂ ਆਏ ਇੱਕ ਅੰਤਰਰਾਸ਼ਟਰੀ ਪਾਰਸਲ ਵਿੱਚ ਲੁਕਾ ਕੇ ਰੱਖਿਆ ਗਿਆ ਇੱਕ ਕਿਲੋਗ੍ਰਾਮ ਤੋਂ ਵੱਧ ਹਾਈਡ੍ਰੋਪੋਨਿਕ ਗਾਂਜਾ ਜ਼ਬਤ ਕੀਤਾ ਏ। ਖਜ਼ਾਨਾ ਮੰਤਰਾਲੇ ਨੇ ਦੱਸਿਆ ਕਿ ਪਾਬੰਦੀਸ਼ੁਦਾ ਨਸ਼ੀਲਾ ਪਦਾਰਥ, 29 ਪਾਊਚ ਵਿੱਚ ਭਰ ਕੇ ਹੋਰ ਸਮਾਨ ਦੇ ਨਾਲ ਲੁਕਾਇਆ ਗਿਆ ਸੀ। ਨਸ਼ੀਲੇ ਪਦਾਰਥਾਂ ਅਤੇ ਮਨੋ-ਪ੍ਰਭਾਵੀ ਪਦਾਰਥਾਂ

(NDPS ਐਕਟ), 1985 ਦੀਆਂ ਸਬੰਧਤ ਧਾਰਾਵਾਂ ਤਹਿਤ ਇਸਨੂੰ ਜ਼ਬਤ ਕੀਤਾ ਗਿਆ ਏ।

---------------------------------------------------

ਜਾਪਾਨ ਵਿੱਚ ਏਸ਼ੀਆਈ ਖੇਡਾਂ ਵਿੱਚ ਭਾਰਤੀ ਐਥਲੀਟਾਂ ਨੇ 13ਵੇਂ ਦਿਨ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ, ਹਾਕੀ, ਮੁੱਕੇਬਾਜ਼ੀ, ਕੁਸ਼ਤੀ ਅਤੇ ਤੀਰਅੰਦਾਜ਼ੀ ਵਿੱਚ ਸੋਨ ਦੇ ਛੇ ਤਮਗੇ ਜਿੱਤੇ ਨੇ.

ਭਾਰਤ ਦੀ ਔਰਤਾਂ ਦੀ ਹਾਕੀ ਟੀਮ ਨੇ ਫਾਈਨਲ ਵਿੱਚ ਮੌਜੂਦਾ ਚੈਂਪੀਅਨ ਚੀਨ ਨੂੰ 1-0 ਨਾਲ ਹਰਾ ਕੇ ਸੋਨੇ ਦਾ ਤਮਗਾ ਆਪਣੇ ਨਾਂ ਕੀਤਾ. ਲਾਲ ਰੇਮ ਸਿਆਮੀ ਹਮਾਰ ਜ਼ੋਟ ਨੇ ਭਾਰਤ ਲਈ ਫੈਸਲਾਕੁੰਨ ਇਕਲੌਤਾ ਗੋਲ ਕੀਤਾ, ਜਦੋਂ ਕਿ ਗੋਲਕੀਪਰ ਸਵਿਤਾ ਪੂਨੀਆ ਨੇ ਪੈਨਲਟੀ ਸਟ੍ਰੋਕ ਤੋਂ ਇੱਕ ਅਹਿਮ ਬਚਾਅ ਕਰਕੇ ਲੀਡ ਬਰਕਰਾਰ ਰੱਖੀ ਅਤੇ ਟੀਮ ਨੇ ਸੋਨੇ ਦਾ ਤਮਗਾ ਜਿੱਤਿਆ. ਇਹ ਜਿੱਤ 44 ਸਾਲਾਂ ਵਿੱਚ ਏਸ਼ੀਆਈ ਖੇਡਾਂ ਵਿੱਚ ਔਰਤਾਂ ਦੀ ਹਾਕੀ ਦਾ ਭਾਰਤ ਦਾ ਪਹਿਲਾ ਸੋਨੇ ਦਾ ਤਮਗਾ ਏ, ਜਿਸ ਨਾਲ ਖਿਤਾਬ ਦੀ ਲੰਬੀ ਉਡੀਕ ਖਤਮ ਹੋਈ ਏ।

ਇਸ ਤੋਂ ਪਹਿਲਾਂ, ਭਾਰਤੀ ਪਹਿਲਵਾਨ ਸੁਜੀਤ ਕਲਕਲ ਨੇ ਮਰਦਾਂ ਦੇ 65-ਕਿਲੋਗ੍ਰਾਮ ਫ੍ਰੀਸਟਾਈਲ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤਿਆ.

**BYTE: SUJIT KAALKAL**

ਮੁੱਕੇਬਾਜ਼ੀ ਵਿੱਚ, ਪਰਵੀਨ ਹੁੱਡਾ ਨੇ ਔਰਤਾਂ ਦੇ 65 ਕਿਲੋਗ੍ਰਾਮ ਵਰਗ ਵਿੱਚ ਤੇ ਅੰਕੁਸ਼ ਪੰਘਾਲ ਨੇ ਮਰਦਾਂ ਦੇ 80 ਕਿਲੋਗ੍ਰਾਮ ਵਰਗ ਵਿੱਚ ਸੋਨੇ ਦਾ ਤਮਗਾ ਜਿੱਤਿਆ।

ਭਾਰਤ ਦੀ ਸਟਾਰ ਮੁੱਕੇਬਾਜ਼ ਲਵਲੀਨਾ ਬੋਰਗੋਹੇਨ ਨੇ ਵੀ ਔਰਤਾਂ ਦੇ 75 ਕਿਲੋਗ੍ਰਾਮ ਵਰਗ ਵਿੱਚ ਸੋਨੇ ਦਾ ਤਮਗਾ ਜਿੱਤਿਆ -

**BYTE: LAVLEENA**

---------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਮਗਾ ਜੇਤੂਆਂ ਨੂੰ ਵਧਾਈ ਦਿੱਤੀ ਏ।

ਪੰਜਾਬ ‘ਚ ਸੁਰਜੀਤ ਹਾਕੀ ਸੋਸਾਇਟੀ, ਜਲੰਧਰ ਨੇ ਭਾਰਤ ਦੀ ਔਰਤਾਂ ਦੀ ਹਾਕੀ ਟੀਮ ਨੂੰ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਣ ‘ਤੇ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਨੇ।

---------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ FLY DUBAI ਦੇ ਭਾਰਤੀ ਪਾਇਲਟ ਕੈਪਟਨ ਸਮਿਤ ਮਛਾਰ ਨਾਲ ਹਸਪਤਾਲ ਵਿਚ ਗੱਲ ਕੀਤੀ ਅਤੇ ਓਹਨਾਂ ਦੀ ਦਲੇਰੀ ਦੀ ਸ਼ਲਾਘਾ ਕੀਤੀ।

- ਔਰਤਾਂ ਬਾਰੇ ਰਾਸ਼ਟਰੀ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ ਸਿਫ਼ਾਰਸ਼ਾਂ ਸੌਂਪੀਆਂ. 2030 ਤੱਕ ਪੰਜ ਲੱਖ ਬਾਲ ਦੇਖਭਾਲ ਕੇਂਦਰ ਕਾਇਮ ਕਰਨਾ ਸ਼ਾਮਿਲ।

- ਵਪਾਰ ਤੇ ਸਨਅਤ ਮੰਤਰੀ ਪੀਯੂਸ਼ ਗੋਇਲ ਨੇ ਵਿਸ਼ਵ ਵਪਾਰ ਖਾਮੀਆਂ ਨੂੰ ਦੂਰ ਕਰਨ ਲਈ ਵਿਸ਼ਵ ਵਪਾਰ ਸੰਗਠਨ ਮੁਤਾਬਿਕ ਦ੍ਰਿਸ਼ਟੀਕੋਣ ਅਪਣਾਉਣ ਲਈ ਕਿਹਾ ਏ।

- ਪੰਜਾਬ ਵਿੱਚ, ਬੀਐਸਐਫ ਨੇ ਤਰਨਤਾਰਨ ਸੈਕਟਰ ਵਿੱਚ ਦੋ ਪਾਕਿਸਤਾਨੀ ਘੁਸਪੈਠੀਆਂ ਨੂੰ ਮਾਰ ਮੁਕਾਇਆ ਏ।

- ਏਸ਼ਿਆਈ ਖੇਡਾਂ ‘ਚ ਭਾਰਤ ਦੀ ਔਰਤਾਂ ਦੀ ਹਾਕੀ ਟੀਮ ਨੇ ਫਾਈਨਲ ਵਿੱਚ ਚੀਨ ਨੂੰ 1-0 ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਏ।

-----------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਰਾਸ਼ਟਰੀ ਖਬਰਾਂ ਦਾ ਬੁਲੇਟਿਨ ਰਾਤੀਂ ਸਾਢੇ 8 ਵਜੇ ਹੋਏਗਾ. ਨਮਸਕਾਰ!**